
# ਪਰਮੇਸ਼ਵਰ ਨੇ ਆਗਿਆਕਾਰੀ ਨੂੰਹ ਨੂੰ ਸਜਾ ਤੌਂ ਬਚਾਇਆ।

## ਬਪਤਿਸਮੇ ਦੀ ਸਿੱਖਿਆ ਵੀ ਨਾਲ ਨਾਲ ਕਰਨ

ਉਨਾ ਕੰਮਾ ਨੂੰ ਚੁੱਣੋ, ਜਿਹੜੇ ਬੱਚਿਆਂ ਦੀ ਉਮਰ ਅਤੇ ਜਰੂਰਤਾ ਨੂੰ ਪੂਰਾ ਕਰਨ।

ਸਿਖਾਉਣ ਵਾਲਾ ਆਪਣੇ ਆਪ ਨੂੰ ਬਾਈਬਲ ਦੀ ਪੜ੍ਹਾਈ ਅਤੇ ਪ੍ਰਾਰਥਨਾ ਦੇ ਨਾਲ ਤਿਆਰ ਕਰੇ। ਪੜੋ ਉਤਪਤ ਬਾਪ 6,7 ਅਤੇ 8 ਅਤੇ ਉਨ੍ਹਾਂ ਮੁੱਖ ਗੱਲ੍ਹਾਂ ਨੂੰ ਲਿਖੋ, ਜਿਹੜੀਆਂ ਜਲ ਪਰਲੇ ਦੇ ਬਾਰੇ ਵਿੱਚ ਹਨ।



**ਖੋਜੋ**

- 6:5-9 ਵਿੱਚ ਦੇਖੋ ਕਿ ਨੂੰਹ ਕਿਸ ਤਰਾ ਦਾ ਆਦਮੀ ਸੀ।
- 6:5-9 ਵਿੱਚ ਦੇਖੋ ਕਿ ਪਰਮੇਸ਼ਵਰ ਨੇ ਉਨ੍ਹਾਂ ਮਨੁੱਖਾ ਨੂੰ ਜਿੰਨ੍ਹਾਂ ਨੂੰ ਉਸਨੇ ਖੁੱਦ ਬਣਾਇਆ ਸੀ। ਜਲ ਪਰਲੇ ਨਾਲ ਨਾਸ਼ ਕਿਉਂ ਕੀਤਾ।
- 6:13-21 ਵਿੱਚ ਦੇਖੋ ਕਿ ਨੂੰਹ ਨੇ ਪਰਮੇਸ਼ਵਰ ਦੀ ਆਗਿਆ ਨੂੰ ਕਿਵੇ ਮੰਨਿਆ ਅਤੇ ਇੱਕ ਵੱਡੀ ਕਿਸ਼ਤੀ ਬਣਾਈ ਜਿਸਨੂੰ ਜਹਾਜ ਕਿਹਾ।
- 7:8-9 ਵਿੱਚ ਦੇਖੋ, ਕਿ ਪਰਮੇਸ਼ਵਰ ਨੂੰਹ ਦੇ ਪਰਿਵਾਰ ਦੇ ਨਾਲ ਹੋਰ ਕਿਸ ਨੂੰ ਨਾਲ ਲੈ ਕੇ ਆਇਆ।
- 8:14-22 ਵਿੱਚ ਦੇਖੋ, ਕਿ ਨੂੰਹ ਨੇ ਜਾਲ ਪਰਲੇ ਤੌਂ ਬਾਦ ਕੀ ਕਰਕੇ ਪਰਮੇਸ਼ਵਰ ਨੂੰ ਖੁਸ਼ ਕੀਤਾ?

ਨੂੰਹ ਅਤੇ ਜਲ ਪਰਲੇ ਦੀ ਕਹਾਣੀ ਦੱਸੋ, ਤੁਸੀ ਕਿਸੇ ਵੱਡੇ ਬੱਚੇ ਨੂੰ ਇਹਦੀ ਲਈ ਤਿਆਰ ਕਰ ਸਕਦੇ ਹੋ।

ਨੂੰਹ ਦਾ ਸਭ ਜਾਨਵਰਾਂ ਪੰਛੀਆਂ ਅਤੇ ਲੋਕਾਂ ਦੇ ਪਰਿਵਾਰਾਂ ਨੂੰ ਜਹਾਜ ਦੇ ਅੰਦਰ ਕਰਦੇ ਹੋਵੇ ਨਾਟਕ ਵਿਖਾਉ। ਅਰਾਧਨਾ ਕੇ ਆਗੂ ਨਾਲ ਮਿਲ ਕੇ ਤਿਆਰ ਕਰੋ ਅਤੇ ਬਾਲਿਗਾਂ ਦੇ ਸਾਮਹਣੇ ਪੇਸ਼ ਕਰੋ। ਵੱਡੇ ਬੱਚੇ, ਛੋਟਿਆਂ ਬੱਚਿਆਂ ਦੀ ਤਿਆਰੀ ਵਿੱਚ ਉਨਾ ਦੀ ਮੱਦਦ ਕਰਨ।

- ਬੱਚੇ ਕੁਝ ਜਾਨਵਰਾਂ, ਦੇ ਨਾ ਦੱਸਣ, ਜਿੰਨ੍ਹਾਂ ਨੂੰ ਨੂੰਹ ਨੇ ਜਹਾਜ ਵਿੱਚ ਰੱਖਿਆ ਹੈ। (ਗਾਂ, ਭੇਡ, ਬਾਂਦਰ, ਚੀਤੇ, ਕੁੱਤੇ, ਬਿਲੀਆ, ਗਧੇ, ਕਗਾਰੂੰ, ਪਰਗੋਸ਼ ਆਦਿ)
- ਬੱਚਿਆਂ ਨੂੰ ਜੋੜਿਆ ਵਿੱਚ ਤਿਆਰ ਕਰੋ, ਕਿ ਉਨਾ ਨੂੰ ਕਿਹੜੇ ਜਾਨਵਰ ਵਾਗ ਦਿਖਣਾ ਹੈ।
- ਬੱਚਿਆਂ ਨੂੰ ਪਤਾ ਕਰਨ ਦਿਉ, ਕਿ ਉਹ ਕਿਹੜੇ ਜਾਨਵਰ ਬਣੇ ਹਨ। ਉਨਾ ਦੀ ਚਾਲ, ਉਨਾ ਦੀ ਅਵਾਜ ਨਾਲ, ਸ਼ ਹ ਦਹਾੜ ਮਾਰਦਾ ਹੈ, ਚੀਤਾ ਗੁਰਗੁਰਉਂਦਾ ਹੈ, ਗਧੇ ਹਿਣਹਿਣਾਉਦੇਂ ਦੇ ਹਨ, ਭੇਡ ਬਾਂ - ਬਾਂ ਕਰਦੀ ਹੈ, ਅਤੇ ਬਲਦ ਬਾਂ - ਬਾਂ ਕਰਦੀ ਹੈ। (ਉਨ੍ਹਾਂ ਦੇ ਸਿਰਾਂ ਉੱਤੇ ਸਿੰਘ ਬਣਾਉ ਉਂਗਲੀਆਂ ਨਾਲ ਦਰਸਾਓਦੇਂ ਹੋਏ) ਆਦਿ
- ਇੱਕ ਵੱਡੇ ਬੱਚੇ ਨੂੰ ਨੂੰਹ ਵਾਲਾ ਹਿੱਸਾ ਕਰਨ ਦਿਉ ਅਤੇ ਜਾਨਵਰਾ ਅਤੇ ਪੰਛੀਆ ਨੂੰ ਜਹਾਜ ਵਿੱਚ ਰੱਖਦੇ ਹੋਏ ਦਿਖਾਉ। ਉਹ ਦੋ ਇੱਕਠੇ ਨਾਲ ਨਾਲ ਆਉਣ। ਨੂੰਹ ਉਨਾ ਨੂੰ ਕਹੇ ''ਛੇਤੀ ਕਰੋ! ਵੱਡੇ ਜਹਾਜ ਵਿੱਚ ਆ ਜਾਉ। ਕਿਉਕਿ ਕਿ ਜਲ ਪਰਲੋਂ ਆਉਣ ਵਾਲੀ ਹੈ।''
- ਜਿਵੇ ਹੀ ਇੱਕ ਜੋੜਾ ਜਹਾਜ ਵਿੱਚ ਪਹੁੰਚਦਾ ਹੈ, ਉਨ੍ਹਾਂ ਨੂੰ ਹੱਥਾਂ ਅਤੇ ਗੋਡਿਆ ਉੱਪਰ ਚੱਲਣ ਦਿਉ। ਅਤੇ ਕੁੱਦਣ ਦਿਉ। ਜੇਕਰ ਉਹ ਕੰਗਾਰੂੰ ਜਾ ਖਰਗੋਸ਼ ਹਨ, ਉਨ੍ਹਾਂ ਜਾਨਵਰਾ ਨੂੰ ਅਵਾਜਾ ਕੱਢਣ ਦਿਉ। ਜਿੰਨਾ ਨੂੰ ਦਿਖਾ ਰਹੇ ਹਨ। ਹਾਥੀ ਆਮ ਤਰੀਕੇ ਨਾਲ ਹੀ ਚੱਲਣ, ਝੁੱਕ ਕੇ, ਇੱਕ ਬਾਹ ਹਵਾ ਵਿੱਚ ਅਤੇ ਪਿੱਛੇ ਦੇ ਵੱਲ, ਹਾਥੀ ਦੀ ਸੁੰਡ ਨੂੰ ਦਿਖਾਂਦੀ ਹੈ।

ਬੱਚਿਆਂ ਨੂੰ ਉਨ੍ਹਾਂ ਜਾਨਵਰਾ ਦੀਆ ਤਸਵੀਰਾ ਬਣਾਉਣ ਦਿਉ ਜਿੰਨ੍ਹਾਂ ਨੂੰ ਉਨ੍ਹਾ ਨੇ ਨਾਟਕ ਵਿੱਚ ਖੇਡਿਆ ਹੈ। ਵੱਡੇ ਬੱਚੇ ਛੋਟਿਆ ਬੱਚਿਆਂ ਦੀ ਸਹਾਇਤਾ ਕਰਨ। (ਹੇਠਾ ਦਿੱਤੇ ਗਏ ਉਦਾਹਰਣਾ ਦੀਆ ਤਸਵੀਰ ਦੇਖੋ)

ਬੱਚਿਆਂ ਨੂੰ ਉਨ੍ਹਾਂ ਪ੍ਰਸ਼ਨਾ ਦੇ ਬਾਰੇ ਵਿੱਚ ਪੁੱਛੋ ਜਿਹੜੇ ਭਾਗ 1 ਦੇ ਹੇਠਾਂ ਦਿੱਤੇ ਗਏ ਸਨ, ਕਹਾਣੀ ਦੇ ਬਾਰੇ ਵਿੱਚ।


- ਜੇਕਰ ਤੁਸੀ ਨੂੰਹ ਅਤੇ ਜਾਨਵਰਾਂ ਦੀ ਕਹਾਣੀ ਬਾਲਿਗਾ ਨੂੰ ਦੱਸਦੇ ਹੋਏ, ਤਦ ਬਾਲਿਗਾਂ ਨੂੰ ਸੋਚਣ ਦਿਉ ਕਿ ਉਹ ਕਿਹੜੇ ਜਾਨਵਰ ਹਨ। ਅਤੇ ਬੱਚੇ ਬਾਲਿਗਾ ਕੋਲੋ ਕੁਝ ਪ੍ਰਸ਼ਨ ਵੀ ਪੁੱਛਣ।

ਬੱਚੇ ਇੱਕ ਜਹਾਜ ਨੂੰ ਪਾਣੀ ਉੱਤੇ ਦਿਖਾਦੇ ਹੋਏ ਤਸਵੀਰ ਬਣਾਉਣ।

- ਬੱਚਿਆਂ ਨੂੰ ਪ੍ਰਸ਼ਨ ਕਿ ਪੁੱਛੋ ਜਹਾਜ ਕਿਸ ਤਰ੍ਹਾਂ ਦਿਖਾਦਾ ਹੈ ਕਿ ਪਰਮੇਸ਼ਵਰ ਨੇ ਸਾਨੂੰ ਵਿਸ਼ਵਾਸੀਆ ਨੂੰ ਆਪਣੇ ਪਾਪਾ ਵਿੱਚ ਮਸ਼ੀਹ ਦੁਆਰਾ ਬਚਾਇਆ ਸੀ।ਯਿਸ਼ੂ ਕਿਸ ਤਰ੍ਹਾਂ ਜਹਾਜ ਦੀ ਵਾਂਗ ਹੈ?

ਇੱਕ ਛੋਟੀ ਕਵਿਤਾ ਅਤੇ ਗੀਤ, ਨੂੰਹ ਅਤੇ ਉਹਦੇ ਜਹਾਜ ਦੇ ਬਾਰੇ ਵਿੱਚ ਲਿਖੋ। ਬੱਚੇ ਉਸ ਨੂੰ ਸੁਣਨ ਜਾਂ ਘਰ ਜਾ ਕੇਂ ਆਪਣੇ ਮਾਂ ਪਿਉ ਨੂੰ ਗਾ ਕੇ ਸੁਣਾਉਣ। ਅਤੇ ਬਾਲਿਗਾ ਨੂੰ ਅਰਾਧਨਾ ਦੇ ਵਿੱਚ, ਜਿਹੜਾ ਉਨ੍ਹਾਂ ਨੇ ਦੇਖਿਆ ਹੈ।

ਬੱਚਿਆਂ ਨੂੰ ਹੇਠਾਂ ਦਿੱਤੀਆਂ ਗਈਆਂ ਤਸਵੀਰਾਂ ਨੂੰ ਉਦਾਹਰਣ ਦੇ ਰੂਪ ਵਿੱਚ ਦਿਖਾਉ। ਤਾਂਕਿ ਉਹ ਉਸ ਦੀ ਨਕਲ ਕਰਕੇ ਉਤਾਰ ਲੈਣ। ਉਨ੍ਹਾਂ ਨੂੰ ਦੱਸਣਾ ਕਿ ਉਹ ਸਾਰੇ ਇਨਾ ਜਾਨਵਰਾ ਨੂੰ ਬਣਾ ਸਕਦੇ ਹਨ ਜਾਂ ਜਿਹੜਾ ਵੀ ਜਾਨਵਰ ਉਨਾ ਨੂੰ ਚੰਗਾ ਲਗਦਾ ਹੋਵੇ।



**ਕਵਿਤਾ**: ਚਾਰ ਬੱਚੇ ਇੱਕ ਇੱਕ ਆਇਤ ਜਬੂੰਰਾ ਦੀ ਪੋਥੀ 32 ਸੁਣਾਉਣ। ਆਇਤਾ 1, 3, 5 ਅਤੇ 7

ਧੰਨ ਹੈ ਉਹ ਜਿਸ ਦਾ ਅਪਰਾਧ ਖਿਮਾ ਹੋ ਗਿਆ,
ਜਿਸ ਦਾ ਪਾਪ ਢੱਕਿਆ ਹੋਇਆ ਹੈ,
ਜਦ ਮੈ ਚੁਪ ਕਰ ਰਿਹਾ ਮੇਰੀਆ ਹੱਡੀਆ,
ਸਾਰਾ ਦਿਨ ਹੂੰਗਣ ਨਾਲ ਗੱਲ ਗਈਆਂ
ਮੈ ਤੇਰੇ ਅੱਗੇ ਆਪਣੇ ਪਾਪ ਦਾ ਇਕਰਾਰ ਕੀਤਾ,
ਅਤੇ ਆਪਣੀ ਬਦੀ ਨਹੀ ਲੁਕਾਈ।
ਮੈ ਆਖਿਆ ਕਿ ਮੈ ਆਪਣੇ ਅਪਰਾਧਾਂ ਨੂੰ ਯਹੋਵਾਹ ਦੇ ਅੰਗੇ ਮੰਨ ਲਵਾਗਾ।
ਤਾਂ ਤੂੰ ਆਪ ਮੇਰੇ ਪਾਪ ਦੀ ਬਦੀ ਨੂੰ ਚੁੱਕ ਲਿਆ।
ਤੂੰ ਮੇਰੇ ਲੁੱਕਣ ਦਾ ਥਾਂ ਹੈਂ, ਤੂੰ ਮੈਨੂੰ ਤੰਗੀ ਤੋਂ ਬਚਾ ਰੱਖੇਗਾ। ਤੂੰ ਮੈਨੂੰ ਛਟਕਾਰੇ ਦੇ ਲਲਕਾਰਿਆ ਨਾਲ ਘੇਰੇਗਾ।

**ਯਾਦ ਕਰੋ ਰਸੂੰਲਾ** ਦੇ ਕਰਤਬ 2:38

ਵੱਡੇ ਬੱਚੇ ਇਸ ਕਹਾਣੀ ਨੂੰ ਲਿੱਖੇ।

- ਉਸ ਬੱਚੇ ਦੀ ਕਹਾਣੀ ਲਿਖੋ ਜਿਹਦੇ ਵਿੱਚ ਉਹਦੇ ਬੁੱਰੀ ਸੰਗਤ ਦੇ ਮਿੱਤਰਾਂ ਨੇ ਉਹਨੂੰ ਇੱਕ ਦੁਕਾਨ ਵਿੱਚੋ ਕੁਝ ਚੀਜਾ ਚੋਰੀ ਕਰਨ ਲਈ ਤਿਆਰ ਕੀਤਾ। ਉਹ ਮਨ੍ਹਾਂ ਕਰਦਾ ਹੈ। ਉਹ ਉਹਦੇ ਨਾਲ ਗੁੱਸੇ ਹੋ ਜਾਦੇ ਹਨ। ਅਤੇ ਉਹ ਉਹਨੂੰ ਬੁਰੇ ਬੁਰੇ ਨਾਵਾਂ ਨਾਲ ਬੁਲਾਦੇ ਹਨ।
- ਉਹ ਦੁਕਾਨ ਵਿੱਚ ਜਾਦੇ ਹਨ। ਅਤੇ ਚੋਰੀ ਕਰਦੇ ਹੋਏ ਫੜੇ ਜਾਦੇ ਹਨ, ਅਤੇ ਉਨਾ ਨੂੰ ਪੁਲਿਸ ਜੇਲ ਵਿੱਚ ਬੰਦ ਕਰ ਦਿੰਦੀ ਹੈ।
- ਪਹਿਲਾ ਬੱਚਾ ਉਨਾ ਨੂੰ ਮਿਲਣ ਜਾਂਦਾ ਹੈ, ਅਤੇ ਨਾਲ ਉਹਨਾ ਲਈ ਖਾਣਾ ਵੀ ਲੈ ਜਾਦਾ ਹੈ।

ਬੱਚੇ ਇਸ ਕਹਾਣੀ ਵਿੱਚ ਕੁਝ ਵੀ ਜੋੜ ਕੇ ਅਤੇ ਜਿਸ ਤਰ੍ਹਾਂ ਉਹ ਚਾਹੁੰਦੇ ਹਨ, ਇਸ ਨੂੰ ਖਤਮ ਕਰਨ। ਕਹਾਣੀ ਦੁਆਰਾ ਸਾਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ, ਪਾਪੀਆਂ ਨੂੰ ਸਜਾ ਕਿਵੇ ਮਿਲਦੀ ਹੈ। ਪਰ ਯਿਸੂ ਨੇ ਸੁਰੱਖਿਆ ਦੀ ਜਗਾ ਤੇ ਰੱਖਿਆ, ਜਿਸ ਨਾਲ ਅਸੀ ਪਰਮੇਸ਼ਵਰ ਦੀ ਸਜਾ ਤੋ ਬੱਚ ਗਏ।

**ਪ੍ਰਾਥਨਾ** ''ਅਸੀ ਤੁਹਾਡੀ ਵਡਿਆਈ ਕਰਦੇ ਹਾਂ, ਕਿ ਤੁਸੀ ਯੀਸ਼ੂ ਦੇ ਦੁਆਰਾ ਸਾਨੂੰ ਪਰਮੇਸ਼ਵਰ ਦੀ ਧਾਰਮਿਕ ਸ਼ਜਾ ਤੋਂ ਬਚਾ ਕੇ ਸਹਾਰਾ ਦਿੱਤਾ, ਜਿਵੇ ਤੁਸੀ ਨੂੰਹ ਲਈ ਕੀਤਾ, ਉਹ ਤੀਵੀ ਅਤੇ ਬੱਚਿਆਂ ਲਈ, ਯੀਸ਼ੂ ਦੇ ਨਾਮ ਵਿੱਚ ਆਮੀਨ।''

**ਪਵਿੱਤਰ ਆਤਮਾ ਦੀ ਸ਼ਕਤੀ ਨਾਲ ਯੀਸ਼ੂ ਦੀ ਗਵਾਹੀ ਦੇਣ।**

ਜਿਹੜੇ ਬੱਚਿਆਂ ਨੂੰ ਪੜ੍ਹਾਦੇ ਹਨ ਉਹ ਪੜ੍ਹਾਈ ਕਰਨ P 5a

**ਪ੍ਰਾਥਨਾ**:- ''ਪਿਆਰੇ ਯਿਸ਼ੂ, ਸਾਡੇ ਝੁੰਡ ਦੇ ਵਿਸ਼ਵਾਸੀਆਂ ਨੂੰ ਉਸ ਸ਼ਕਤੀ ਦਾ ਉਪਯੋਗ ਕਰਨ ਵਿੱਚ, ਸਹਾਇਤਾ ਕਰੋ ਜੋ ਤੁਸੀਂ ਉਨ੍ਹਾਂ ਨੂੰ ਦਿੱਤੀ ਹੈ, ਜਿਸ ਨਾਲ ਉਹ ਆਪਣੇ ਮਿੱਤਰਾ ਅਤੇ ਰਿਸ਼ਤੇਦਾਰਾਂ ਨੂੰ ਗਵਾਹੀ ਦੇ ਸਕਣ। ਜਿਵੇ ਪਤਰਸ ਅਤੇ ਉਹਦੇ ਦੂਜੇ ਚੇਲਿਆ ਨੇ ਕਿਹਾ।''

Copyright 2004 © by Paul-Timothy. May be freely copied. Download from www.Paul-Timothy.net